**ਦਫਤਰ ਭੋਂ ਪ੍ਰਾਪਤੀ ਕੁਲੈਕਟਰ, ਸਹਿਰੀ ਵਿਕਾਸ ਵਿਭਾਗ ਪੰਜਾਬ,**
(ਪੂਡਾ ਭਵਨ, ਸੈਕਟਰ 62,ਐਸ.ਏ.ਐਸ. ਨਗਰ)

ਸੇਵਾ ਵਿਖੇ

ਡਿਪਟੀ ਕਮਿਸ਼ਨਰ,
ਐਸ.ਏ.ਐਸ.ਨਗਰ, ਮੋਹਾਲੀ।

ਨੰ. ਗਮਾਡਾ-ਐਲ.ਏ.ਸੀ.2023/
ਮਿਤੀ:

ਵਿਸ਼ਾ:- **ਨਿਊ ਚੰਡੀਗੜ੍ਹ, ਮੁਲਾਂਪੁਰ ਵਿਖੇ ਲੋਅ/ਹਾਈ ਡੈਂਸਿਟੀ ਰਿਹਾਇਸ਼ੀ ਸਕੀਮ ਦੀ ਸਥਾਪਨਾ ਬਾਰੇ।**

ਦੱਸਿਆ ਜਾਂਦਾ ਹੈ ਕਿ ਵਿਸ਼ੇ ਸਬੰਧੀ ਸਕੀਮ ਲਈ ਐਕਵਾਇਰ ਕੀਤੀ ਜਾ ਰਹੀ ਭੋਂ ਦੀ ਪ੍ਰਾਪਤ ਹੋਈ ਸੋਸ਼ਲ ਇੰਪੈਕਟ ਅਸੈਸਮੈਂਟ ਰਿਪੋਰਟ ਦੇ ਮੁਲਾਂਕਣ ਕਰਨ ਲਈ ਪੰਜਾਬ ਸਰਕਾਰ ਵੱਲੋਂ The Right to Fair Compensation and Transparency in Land Acquisition, Rehabilitation and Resettlement Act, 2013 ਦੀ ਧਾਰਾ 7 ਤਹਿਤ ਗਠਿਤ ਕੀਤੇ ਐਕਸਪਰਟ ਗਰੁੱਪ ਵੱਲੋਂ ਘੋਖ ਕਰਨ ਉਪਰੰਤ ਇਸ ਪ੍ਰੋਜੈਕਟ ਲਈ ਤਜਵੀਜ ਕੀਤੀ ਭੋਂ ਪ੍ਰਾਪਤ ਕਰਨ ਦੀ ਸਿਫਾਰਸ਼ ਕੀਤੀ ਹੈ। ਐਕਸਪਰਟ ਗਰੁੱਪ ਦੀ ਰਾਏ/ਸਿਫਾਰਸ਼ਾਂ ਨਾਲ ਨੱਥੀ ਕੀਤੀਆਂ ਜਾਂਦੀਆਂ ਹਨ। ਇਹ ਜ਼ਿਕਰ-ਯੋਗ ਹੈ ਕਿ ਐਕਸਪਰਟ ਗੁਰਪ ਦੀਆਂ ਸਿਫਾਰਸ਼ਾਂ/ਰਾਏ ਦੇ ਸਨਮੁੱਖ ਰਿਪੋਰਟ ਸਰਕਾਰ ਨੂੰ ਭੇਜੀ ਗਈ। ਮਾਨਯੋਗ ਮੁੱਖ ਮੰਤਰੀ ਜੀ ਪੰਜਾਬ (ਬਤੌਰ ਮੰਤਰੀ ਇੰਚਾਰਜ) ਨੇ ਇਸ ਪ੍ਰੋਜੈਕਟ ਲਈ ਤਜਵੀਜ ਕੀਤੀ ਭੋਂ ਪ੍ਰਾਪਤ ਕਰਨ ਦਾ ਫੈਸਲਾ ਲਿਆ ਹੈ।

ਨੱਥੀ/ਉਪਰੋਕਤ ਅਨੁਸਾਰ

ਭੋਂ ਪ੍ਰਾਪਤੀ ਕੁਲੈਕਟਰ

ਪਿੱਠ ਅੰਕਣ ਨੰ. ਗਮਾਡਾ-ਐਲ.ਏ.ਸੀ.2023/ 79388 ਮਿਤੀ: 31/7/23

ਉਪਰੋਕਤ ਦਾ ਉਤਾਰਾ ਸਮੇਤ ਅਨੁੱਲਗ ਦੇ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਘੱਲਿਆ ਜਾਂਦਾ ਹੈ:-

1. ਸਬ -ਡਵੀਜਨਲ ਮੈਜਿਸਟਰੇਟ,ਮੋਹਾਲੀ,
2. ਤਹੀਸੀਲਦਾਰ, ਖਰੜ,
3. ਸਬ-ਤਹੀਸੀਲਦਾਰ, ਮਾਜਰੀ।
4. ਸਰਪੰਚ, ਮੁਲਾਂਪੁਰ ਗਰੀਬਦਾਸ,
5. ਜੀ.ਐਮ. (ਆਈ.ਟੀ), ਗਮਾਡਾ ਨੂੰ ਇਹ ਪੱਤਰ ਗਮਾਡਾ ਦੀ ਵੈਬਸਾਈਟ ਤੇ ਅਪ-ਲੋਡ ਕਰਨ ਲਈ।

for n/a pls 01/08/23

ਭੋਂ ਪ੍ਰਾਪਤੀ ਕੁਲੈਕਟਰ

P.A (Sunil)

ਨਿਊ ਚੰਡੀਗੜ੍ਹ, ਮੁਲਾਂਪੁਰ ਵਿਖੇ ਲੋਅ/ਹਾਈ ਡੈਂਸਿਟੀ ਰਿਹਾਇਸ਼ੀ ਸਕੀਮ ਦੀ ਸਥਾਪਨਾ ਬਾਰੇ।

**The Right to Fair Compensation and Transparency in Land Acquisition, Rehabilitation and Resettlement Act, 2013** ਦੀ ਧਾਰਾ 7 ਤਹਿਤ ਐਕਸਪਰਟ ਗਰੁੱਪ ਦੀ ਰਾਏ:

| ਲੜੀ ਨੰ. | ਐਕਸਪਰਟ ਗਰੁੱਪ ਦੀ ਰਾਏ | ਹਾਂ | ਨਹੀਂ |
|---|---|---|---|
| 1. | ਕੀ ਇਹ ਪ੍ਰੋਜੈਕਟ ਗਰੁੱਪ ਦੀ ਰਾਏ ਹੈ। | ਜੀ ਹਾਂ | -- |
| 2. | ਕੀ ਸੰਭਾਵੀ ਲਾਭ, ਸਮਾਜਿਕ ਕੀਮਤ ਅਤੇ ਉਸਦਾ ਉਲਟ ਪ੍ਰਭਾਵ ਵੱਧ ਹਨ। | ਜੀ ਹਾਂ | -- |
| 3. | ਥੀ ਇਸ ਪ੍ਰੋਜੈਕਟ ਲਈ ਪ੍ਰਾਪਤ ਕੀਤੀ ਜਾਣ ਵਾਲੀ ਭੋਂ ਘੱਟ ਤੋਂ ਘੱਟ ਹੈ। | ਜੀ ਹਾਂ | -- |
| 4. | ਕੀ ਵਿਸਥਾਪਨ ਲਈ ਘੱਟ ਤੋਂ ਘੱਟ ਆਪਸ਼ਨ ਹਨ । | ਜੀ ਹਾਂ | -- |

ਸਿਫਾਰਸ਼ਾਂ:

(1) ਐਕਸਪਰਟ ਗੁਰੱਪ ਦੀ ਇਹ ਰਾਏ ਹੈ ਕਿ ਤਜਵੀਜਤ ਭੋਂ, ਭੂਮੀ ਗ੍ਰਹਿਣ ਦੀ ਕਰਜ ਭੂਮੀ ਗ੍ਰਹਿਣ ਸਹੀ ਮੁਆਵਜੇ ਅਤੇ ਪਾਰਦਰਸ਼ਤਾ, ਮੁੜ ਵਸੇਵੇਂ ਅਤੇ ਮੁੜ ਸਥਾਪਤੀ ਦਾ ਅਧਿਕਾਰ, ਕਾਨੂੰਨ 2013 ਦੀ ਧਾਰਾ 2 (1)-ਈ. ਦੇ ਤਹਿਤ ਹੈ ਅਤੇ ਇਸ ਸਕੀਮ ਵਿੱਚ ਪੈਂਦੀ ਕੁਲੱ ਭੋਂ 309.3021 ਏਕੜ ਹੈ ਜਨਤਕ ਮੰਤਵ ਲਈ ਹੈ।

(2) ਕਮੇਟੀ ਦੀ ਐਸ.ਆਈ.ਏ. ਦੀ ਰਿਪੋਰਟ ਨੂੰ ਹਰ ਵੱਖੋਂ ਵਿਚਾਰਨ ਉਪਰੰਤ ਜਿਸ ਵਿੱਚ ਦੱਸੇ ਗਏ ਬਦਲਵੇਂ ਤੱਥਾ ਬਾਰੇ ਜ਼ਿਕਰ ਕੀਤਾ ਹੈ, ਦਾ ਇਸ ਭੋਂ ਤੋਂ ਇਲਾਵਾ ਹੋਰ ਕੋਈ ਬਦਲਵਾਂ ਪ੍ਰਬੰਧਕ ਨਹੀਂ ਹੈ।

(3) ਕਮੇਟੀ ਵੱਲੋਂ ਉਕਤ ਭੋਂ ਦੇ ਮਾਸਟਰ ਪਲੈਨ ਅਨੁਸਾਰ ਤਜਵੀਜਤ ਭੋਂ ਦੀ ਪਲੈਨਿੰਗ ਦੇਖੀ ਗਈ ਅਤੇ ਜਿਸ ਮੰਤਵ ਲਈ ਇਹ ਭੋਂ ਪ੍ਰਾਪਤ ਕੀਤੀ ਜਾਣੀ ਹੈ, ਉਸ ਲਈ ਪ੍ਰਾਪਤ ਕੀਤੇ ਜਾਣ ਵਾਲੀ ਭੋਂ ਦਾ ਰਕਬਾ ਘੱਟੋਂ ਘੱਟ ਹੈ।

(4) ਇਸ ਸਕੀਮ ਦੇ ਸੰਭਾਵੀ ਲਾਭ ਸਮਾਜਿਕ ਕੀਮਤ ਅਤੇ ਸਮਾਜਿਕ ਪ੍ਰਭਾਵ ਨੂੰ ਭਾਰੀ ਹੁੰਦੇ ਹਨ।